# ਸਿਟੀ ਆਫ ਬ੍ਰੈਂਪਟਨ ਅਗਲੇ ਹਫ਼ਤੇ ਸਕੂਲ ਬੰਦ ਹੋਣ ਦੀ ਸਥਿਤੀ ਵਿੱਚ ਪੂਰੇ ਦਿਨ ਦੇ ਕੈਂਪਾਂ ਦੀ ਪੇਸ਼ਕਸ਼ ਕਰੇਗੀ

ਬ੍ਰੈਂਪਟਨ, ਓਨਟੈਰੀਓ (16 ਜਨਵਰੀ, 2020) – ਸਿਟੀ ਆਫ ਬ੍ਰੈਂਪਟਨ, ਪੂਰੇ ਬ੍ਰੈਂਪਟਨ ਦੇ ਚੋਣਵੇਂ ਕਮਿਊਨਿਟੀ ਸੈਂਟਰਾਂ ਵਿਖੇ ਸੁਵਿਧਾਜਨਕ ਅਤੇ ਕਿਫਾਇਤੀ ਪੂਰੇ ਦਿਨ ਦੇ ਕੈਂਪਾਂ ਦੀ ਪੇਸ਼ਕਸ਼ ਕਰ ਰਹੀ ਹੈ, ਜੇਕਰ ਐਲੀਮੈਂਟਰੀ ਟੀਚਰਸ ਫੈਡਰੇਸ਼ਨ ਆਫ ਓਨਟੈਰੀਓ (ਈ.ਟੀ.ਐਫ.ਓ.) (Elementary Teachers' Federation of Ontario) (ETFO) ਅਤੇ ਓਨਟੈਰੀਓ ਇੰਗਲਿਸ਼ ਕੈਥੋਲਿਕ ਟੀਚਰਸ ਐਸੋਸੀਏਸ਼ਨ (ਓ.ਈ.ਸੀ.ਟੀ.ਏ.), (Ontario English Catholic Teachers Association) (OECTA), ਮੰਗਲਵਾਰ, 21 ਜਨਵਰੀ ਤੋਂ ਸ਼ੁਰੂ ਹੋ ਕੇ ਸਮੇਂ-ਸਮੇਂ ਤੇ ਹੋਣ ਵਾਲੀਆਂ ਹੜਤਾਲਾਂ ਕਰਨਗੇ।

ਸਿਟੀ ਆਫ ਬ੍ਰੈਂਪਟਨ, ਸਕੂਲ ਜਾਣ ਵਾਲੇ ਬੱਚਿਆਂ ਦੇ ਸਖ਼ਤ ਮਿਹਨਤ ਕਰਨ ਵਾਲੇ ਮਾਪਿਆਂ ਅਤੇ ਪਰਿਵਾਰਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ।

ਹਰ ਤਾਰੀਖ ਨੂੰ, ਜਦੋਂ ਸਕੂਲ ਬੰਦ ਹੋਣ, ਹੇਠਾਂ ਦਿੱਤੀਆਂ ਥਾਵਾਂ ਵਿਖੇ ਚਾਰ ਤੋਂ 13 ਸਾਲ ਦੀ ਉਮਰ ਦੇ ਬੱਚਿਆਂ ਲਈ ਪੂਰੇ ਦਿਨ ਦੇ ਕੈਂਪ ਪੇਸ਼ ਕੀਤੇ ਜਾਣਗੇ:

- ਬ੍ਰੈਂਪਟਨ ਸੌਕਰ ਸੈਂਟਰ (Brampton Soccer Centre)
- ਗੋਰ ਮੇਡੋਜ਼ ਕਮਿਊਨਿਟੀ ਸੈਂਟਰ (Gore Meadows Community Centre)
- ਕੈਸੀ ਕੈਂਪਬੈਲ ਰੇਕ੍ਰੀਏਸ਼ਨ ਸੈਂਟਰ (Cassie Campbell Recreation Centre)
- ਗ੍ਰੀਨਬ੍ਰਿਅਰ ਰੇਕ੍ਰੀਏਸ਼ਨ ਸੈਂਟਰ (Greenbriar Recreation Centre)

ਜਦੋਂ ਹੋਰ ਥਾਵਾਂ ਦੀ ਪੁਸ਼ਟੀ ਹੋ ਜਾਵੇਗੀ ਤਾਂ ਅੱਪਡੇਟਸ ਮੁਹੱਈਆ ਕੀਤੇ ਜਾਣਗੇ। ਅੱਪ-ਟੂ-ਡੇਟ ਪ੍ਰੋਗਰਾਮ ਜਾਣਕਾਰੀ ਅਤੇ ਰਜਿਸਟਰੇਸ਼ਨ ਵੇਰਵੇ ਔਨਲਾਈਨ www.brampton.ca/recreation ਤੇ ਉਪਲਬਧ ਹਨ।

ਕਿਰਪਾ ਕਰਕੇ ਧਿਆਨ ਦਿਓ ਕਿ ਪੂਰੇ ਦਿਨ ਦੇ ਕੈਂਪ, ਸਿਰਫ਼ ਪੀਲ ਡਿਸਟ੍ਰਿਕਟ ਸਕੂਲ ਬੋਰਡ/ਡਫਰਿਨ-ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (Peel District School Board/Dufferin-Peel Catholic District School Board) ਦੇ ਸਕੂਲ ਬੰਦ ਹੋਣ ਦੀ ਸਥਿਤੀ ਵਿੱਚ ਹੀ ਪੇਸ਼ ਕੀਤੇ ਜਾਣਗੇ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca